ਨੰ:1/8/07-ਰਸ1/853

ਪੰਜਾਬ ਸਰਕਾਰ
ਭਲਾਈ ਵਿਭਾਗ
(ਰਿਜ਼ਰਵੇਸ਼ਨ ਸੈੱਲ)

ਸੇਵਾ ਵਿਖੇ,

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਸਮੂਹ ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰਜ਼,
ਸਮੂਹ ਉਪ ਮੰਡਲ ਮੈਜਿਸਟਰੇਟ (ਸਿਵਲ) ਅਤੇ
ਤਹਿਸੀਲਦਾਰ।

ਮਿਤੀ, ਚੰਡੀਗੜ੍ਹ 29-6-2009

ਵਿਸ਼ਾ : <u>ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਨੂੰ ਜਾਤੀ ਸਰਟੀਫਿਕੇਟ ਜਾਰੀ ਕਰਨ ਬਾਰੇ।</u>

ਸ਼੍ਰੀ ਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਸਰਕਾਰ ਦੇ ਪੱਤਰ ਨੰ:1/8/07-ਰਸ1/815-817, ਮਿਤੀ 10.7.08 ਅਤੇ ਇਸ ਸਬੰਧ ਵਿੱਚ ਸਮੇਂ-ਸਮੇਂ ਸਿਰ ਜਾਰੀ ਕੀਤੀਆਂ ਗਈਆਂ ਹਦਾਇਤਾਂ ਵੱਲ ਦਿਵਾਉਣ ਅਤੇ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਵਿਅਕਤੀਆਂ ਨੂੰ ਜਾਤੀ ਸਰਟੀਫਿਕੇਟ ਜਾਰੀ ਕਰਨ ਲਈ ਪਹਿਲਾਂ ਅਧਿਕਾਰਤ ਕੀਤੇ ਅਧਿਕਾਰੀਆਂ ਤੋਂ ਇਲਾਵਾ ਹੇਠ ਲਿਖੇ ਅਧਿਕਾਰੀਆਂ ਨੂੰ ਵੀ ਜਾਤੀ ਸਰਟੀਫਿਕੇਟ ਜਾਰੀ ਕਰਨ ਦੇ ਅਖਤਿਆਰ ਦਿੱਤੇ ਜਾਂਦੇ ਹਨ:-

| ਲੜੀ ਨੰ: | ਕੈਟਾਗਰੀ | ਸਰਟੀਫਿਕੇਟ ਜਾਰੀ ਕਰਨ ਲਈ ਸਮਰੱਥ ਅਧਿਕਾਰੀ |
|---|---|---|
| 1 | 2 | 3 |
| 1. | ਪੇਂਡੂ ਖੇਤਰਾਂ ਲਈ | ਸਬੰਧਤ ਬਲਾਕ ਵਿਕਾਸ ਤੇ ਪੰਚਾਇਤ ਅਫਸਰ। |
| 2. | ਮਿਉਂਸਪਲ ਕਾਰਪੋਰੇਸ਼ਨਾਂ ਦੀ ਹਦੂਦ ਦੇ ਵਸਨੀਕਾਂ ਲਈ | ਸਬੰਧਤ ਮਿਉਂਸਪਲ ਕਮਿਸ਼ਨਰ/ਵਧੀਕ ਮਿਉਂਸਪਲ ਕਮਿਸ਼ਨਰ। |
| 3. | ਮਿਉਂਸਪਲ ਕੌਂਸਲਾਂ/ਐਨ.ਏ.ਸੀ. ਦੀ ਹਦੂਦ ਦੇ ਵਸਨੀਕਾਂ ਲਈ | ਸਬੰਧਤ ਕਾਰਜ ਸਾਧਕ ਅਫਸਰ। |

ਇਹ ਸਪਸ਼ਟ ਤੌਰ ਤੇ ਦੱਸਿਆ ਜਾਂਦਾ ਹੈ ਕਿ ਸੰਵਿਧਾਨਕ ਹੁਕਮ (ਅਨੁਸੂਚਿਤ ਜਾਤੀ), 1950 ਦੀ ਪੰਜਾਬ ਲਿਸਟ (ਕਾਪੀ ਨੱਥੀ ਹੈ) ਵਿੱਚ ਦਰਜ ਹਿੰਦੂ, ਸਿੱਖ ਅਤੇ ਬੁੱਧ ਧਰਮ ਦੇ ਅਨੁਯਾਈਆਂ ਨੂੰ ਹੀ ਅਨੁਸੂਚਿਤ ਜਾਤੀ ਸਰਟੀਫਿਕੇਟ ਜਾਰੀ ਕੀਤੇ ਜਾ ਸਕਦੇ ਹਨ ਅਤੇ ਇਸ ਲਿਸਟ ਤੋਂ ਬਾਹਰ ਕਿਸੇ ਵੀ ਜਾਤੀ/ਉਪ ਜਾਤੀ ਨੂੰ ਜਾਰੀ ਕੀਤਾ ਗਿਆ ਜਾਤੀ ਸਰਟੀਫਿਕੇਟ ਗੈਰ-ਕਾਨੂੰਨੀ ਹੋਵੇਗਾ। ਇਸ ਲਈ ਅਨੁਸੂਚਿਤ ਜਾਤੀ ਸਰਟੀਫਿਕੇਟ ਕੇਵਲ ਨਾਲ ਨੱਥੀ ਅਨੁਸੂਚਿਤ ਜਾਤੀ ਦੀ ਸੂਚੀ ਵਿੱਚ ਦਰਜ ਜਾਤੀਆਂ ਨੂੰ ਹੀ ਜਾਰੀ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ।

......2,

— 115 —

DW
ADI
JDA
JDW
DCF/
DD-I
DD-I
DD-III



2. ਪਛੜੀਆਂ ਸ਼੍ਰੇਣੀਆਂ/ਹੋਰ ਪਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਵਿਅਕਤੀਆਂ ਨੂੰ ਪਛੜੀ ਸ਼੍ਰੇਣੀ/ਓ.ਬੀ.ਸੀ. ਸਰਟੀਫਿਕੇਟ ਜਾਰੀ ਕਰਨ ਲਈ ਸਰਕਾਰ ਦੇ ਪੱਤਰ ਨੰ:1/41/93-ਰਸ1/209-211, ਮਿਤੀ 24.2.2009 (ਕਾਪੀ ਨੱਥੀ ਹੈ) ਰਾਹੀਂ ਸਲਾਨਾ ਆਮਦਨ ਸੀਮਾ ਦੀ ਹੱਦ ਨਿਸ਼ਚਿਤ ਕੀਤੀ ਗਈ ਹੈ, ਪੰਜਾਬ ਰਾਜ ਲਈ ਪਛੜੀਆਂ ਸ਼੍ਰੇਣੀਆਂ/ਹੋਰ ਪਛੜੀਆਂ ਸ਼੍ਰੇਣੀਆਂ ਦੀ ਸੂਚੀ ਨਾਲ ਨੱਥੀ ਕਰਕੇ ਭੇਜੀ ਜਾਂਦੀ ਹੈ। ਇਨ੍ਹਾਂ ਜਾਤੀਆਂ ਦੇ ਉਮੀਦਵਾਰਾਂ ਨੂੰ ਸਰਟੀਫਿਕੇਟ ਜਾਰੀ ਕਰਨ ਲਈ ਪਛੜੀਆਂ ਸ਼੍ਰੇਣੀਆਂ ਅਤੇ ਹੋਰ ਪਛੜੀਆਂ ਸ਼੍ਰੇਣੀਆਂ ਦੇ ਸਮਾਜਿਕ ਤੌਰ ਤੇ ਪਦ-ਉਨਤ (ਕਰੀਮੀਲੇਅਰ) ਵਿਅਕਤੀਆਂ ਨੂੰ ਪਛੜੀਆਂ ਸ਼੍ਰੇਣੀਆਂ ਲਈ ਰਾਖਵੇਂਕਰਨ ਦੇ ਦਾਇਰੇ ਤੋਂ ਬਾਹਰ ਰੱਖਣ ਲਈ ਸਰਕਾਰ ਵੱਲੋਂ ਨੀਤੀ ... ਬਾਂ ਮਿਤੀ 24.2.2009 ਅਤੇ ਇਸ ਸਬੰਧ ਵਿੱਚ ਸਮੇਂ-ਸਮੇਂ ਸਿਰ ਜਾਰੀ ਕੀਤੀਆਂ ਗਈਆਂ ਹੋਰ ਹਦਾਇਤਾਂ ਨੂੰ ਧਿਆਨ ਵਿੱਚ ਰੱਖ ਕੇ ਹੀ ਪਛੜੀਆਂ ਸ਼੍ਰੇਣੀਆਂ/ਹੋਰ ਪਛੜੀਆਂ ਸ਼੍ਰੇਣੀਆਂ ਨੂੰ ਪਛੜੀ ਸ਼੍ਰੇਣੀ/ਓ.ਬੀ.ਸੀ. ਸਰਟੀਫਿਕੇਟ ਜਾਰੀ ਕਰਨਾ ਯਕੀਨੀ ਬਣਾਇਆ ਜਾਵੇ।

3. ਇਹ ਹਦਾਇਤਾਂ ਕੇਵਲ ਮਿਤੀ 1.7.2009 ਤੋਂ ਮਿਤੀ 30.9.2009 ਤੱਕ ਹੀ ਲਾਗੂ ਰਹਿਣਗੀਆਂ।

ਅਧੀਨ ਸਕੱਤਰ ਭਲਾਈ

ਇੱਕ ਉਤਾਰਾ ਸਮੂਹ ਵਿੱਤੀ ਕਮਿਸ਼ਨਰਜ/ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਭਲਾਈ

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰਜ,
ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪ.ਨੰ:1/8/2007-ਰਸ1/ **854** ਮਿਤੀ, ਚੰਡੀਗੜ੍ਹ **29.6.2009**

ਪਿੱਠ ਅੰਕਣ ਨੰ:1/8/2007-ਰਸ1/ **855-56** ਮਿਤੀ, ਚੰਡੀਗੜ੍ਹ **29.6.2009**

ਇੱਕ ਉਤਾਰਾ ਨਿਮਨ ਲਿਖਤ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਡਾਇਰੈਕਟਰ, ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ, ਪੰਜਾਬ, ਸੈਕਟਰ-34, ਚੰਡੀਗੜ੍ਹ।

2) ਮੈਂਬਰ ਸਕੱਤਰ, ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ, ਕਮਰਾ ਨੰ:8, ਮੰਜਿਲ-4, ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ।

ਅਧੀਨ ਸਕੱਤਰ ਭਲਾਈ